ਸਾਲ 32 ਅੰਕ 151 : ਮਈ-ਜੂਨ, 2016

# ਸਮਦਰਸ਼ੀ

ਪੰਜਾਬੀ ਅਕਾਦਮੀ ਦਾ ਦੋ ਮਾਸਿਕ ਰਸਾਲਾ

**ਚੇਅਰਮੈਨ**
ਸ੍ਰੀ ਅਰਵਿੰਦ ਕੇਜਰੀਵਾਲ

**ਵਾਈਸ-ਚੇਅਰਮੈਨ**
ਸ੍ਰੀ ਜਰਨੈਲ ਸਿੰਘ

**ਕਨਵੀਨਰ** (ਖੋਜ ਅਤੇ ਪ੍ਰਕਾਸ਼ਨ ਉੱਪ-ਕਮੇਟੀ)
ਸ੍ਰੀ ਬਲਜੀਤ ਸਿੰਘ

**ਵਿਸ਼ੇਸ਼ ਸੰਪਾਦਕ**
ਡਾ. ਕਮਲ ਜੀਤ ਸਿੰਘ

**ਪ੍ਰਬੰਧਕੀ ਸੰਪਾਦਕ**
ਗੁਰਭੇਜ ਸਿੰਘ ਗੁਰਾਇਆ

**ਉੱਪ-ਸੰਪਾਦਕ**
ਹਰਪ੍ਰੀਤ ਕੌਰ


ਮਈ-ਜੂਨ 2016
ਸਮਦਰਸ਼ੀ
151

**ਸੰਪਾਦਕੀ ਪਤਾ**
ਪੰਜਾਬੀ ਅਕਾਦਮੀ, ਦਿੱਲੀ
ਡੀ. ਡੀ. ਏ. ਕਮਿਊਨਿਟੀ ਸੈਂਟਰ, ਸਦਰ ਥਾਣਾ ਰੋਡ, ਪਹਾੜ ਗੰਜ, ਨਵੀਂ ਦਿੱਲੀ-110055
ਫ਼ੋਨ : 23616243, 23616265
ਫੈਕਸ : 23615979

E-mail : samdarshi.punjabi@gmail.com
Visit our Website at : http://www.punjabiacademy.com
**ISBN** : 978-93-82455-59-2

© ਸਾਰੇ ਹੱਕ ਰਾਖਵੇਂ ਹਨ

ਪ੍ਰਕਾਸ਼ਤ ਸਮੱਗਰੀ ਦੇ ਉਪਯੋਗ ਲਈ ਲੇਖਕ, ਅਨੁਵਾਦਕ ਅਤੇ ਪੰਜਾਬੀ ਅਕਾਦਮੀ ਦੀ ਮਨਜ਼ੂਰੀ ਜ਼ਰੂਰੀ ਹੈ। ਪ੍ਰਕਾਸ਼ਤ ਰਚਨਾਵਾਂ ਦੀ ਰੀਤੀ-ਨੀਤੀ ਜਾਂ ਵਿਚਾਰਾਂ ਨਾਲ ਪੰਜਾਬੀ ਅਕਾਦਮੀ, ਸੰਪਾਦਕੀ ਮੰਡਲ ਜਾਂ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ।

| | | |
|---|---|---|
| ਮੁੱਲ | : | 25 ਰੁਪਏ |
| ਸਾਲਾਨਾ ਚੰਦਾ | : | 150 ਰੁਪਏ |
| ਇੰਗਲੈਂਡ ਤੇ ਯੂਰਪ | : | 30 ਪੌਂਡ |
| ਅਮਰੀਕਾ, ਕੈਨੇਡਾ, ਮਿਡਲ ਈਸਟ ਤੇ ਹੋਰ ਦੇਸ਼ | : | 60 ਡਾਲਰ |

**ਟਾਈਟਲ**
ਸ੍ਰੀ ਬਲਜੀਤ ਸਿੰਘ

**Samdarshi :**
A Bi-monthly journal of Punjabi Literature published by Punjabi Academy, Delhi, Motia Khan, Paharganj, New Delhi - 110055, India

**ਸਮਦਰਸ਼ੀ** :
ਪੰਜਾਬੀ ਅਕਾਦਮੀ, ਦਿੱਲੀ, ਮੋਤੀਆ ਖ਼ਾਨ, ਪਹਾੜ ਗੰਜ ਨਵੀਂ ਦਿੱਲੀ-55, ਭਾਰਤ, ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦੀ ਦੋ-ਮਾਸਿਕ ਪੱਤ੍ਰਿਕਾ।

ਪ੍ਰਿੰਟਰ ਤੇ ਪਬਲਿਸ਼ਰ ਗੁਰਭੇਜ ਸਿੰਘ ਗੁਰਾਇਆ, ਸਕੱਤਰ ਪੰਜਾਬੀ ਅਕਾਦਮੀ, ਦਿੱਲੀ ਨੇ ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਐਸ.ਡੀ.ਐਮ. ਪ੍ਰਿੰਟਰ ਅਤੇ ਪੈਕਰਸ, ਹਰੀ ਨਗਰ, ਨਵੀਂ ਦਿੱਲੀ ਤੋਂ ਛਪਵਾ ਕੇ ਦਫ਼ਤਰ ਸਮਦਰਸ਼ੀ, ਮੋਤੀਆ ਖ਼ਾਨ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਪ੍ਰਕਾਸ਼ਿਤ ਕੀਤਾ।

ਦੇਖਿਆ ਜਾ ਸਕਦਾ ਹੈ। ਕਲਾ ਇਨ੍ਹਾਂ ਪ੍ਰਕ੍ਰਿਤਿਕ ਵਸਤਾਂ ਦੀ ਨਕਲ ਨਹੀ ਬਲਕਿ ਇਨ੍ਹਾਂ ਦਾ ਇਕ ਸਰੂਪ ਹੈ। ਸਰੂਪ ਤੋਂ ਭਾਵ ਕਿਸੇ ਵਸਤੂ ਦੇ ਰੂਪ ਨੂੰ ਸੁੰਦਰ ਬਣਾਕੇ ਪੇਸ਼ ਕਰਨਾ ਹੈ। ਰੂਪ ਨੂੰ ਸਰੂਪ ਵਿਚ ਬਦਲਣ ਲਈ ਬੁੱਧੀ ਅਤੇ ਕਲਪਨਾ ਦੋਨੋ ਮਿਲਕੇ ਕੰਮ ਕਰਦੇ ਹਨ ਅਤੇ ਇਨ੍ਹਾਂ ਦੇ ਇਲਾਵਾ ਉਸ ਵਸਤੂ ਦੇ ਰੂਪ ਨੂੰ ਯਥਾਰਥ ਵਿਚ ਬਦਲਣ ਲਈ ਤੀਜਾ ਕੰਮ ਕਲਾਕਾਰ ਦੇ ਆਪਣੇ ਵਿਅਕਤਿਤਵ ਦਾ ਹੁੰਦਾ ਹੈ ਜੋ ਉਸ ਰੂਪ ਨੂੰ ਦਰਸ਼ਕਾਂ ਦੀਆਂ ਅੱਖਾਂ ਸਾਹਮਣੇ ਸਾਕਾਰ ਕਰਨ ਦੀ ਸਮਰੱਥਾ ਰੱਖਦਾ ਹੈ। ਕਿਹੜੀ ਵਸਤੂ ਦਾ ਕਿਹੜਾ ਰੂਪ ਸਾਕਾਰ ਕਰਨਾ ਹੈ, ਇਸ ਦੀ ਚੋਣ ਕਲਾਕਾਰ ਦੀ ਬੁੱਧੀ ਅਤੇ ਰੁਚੀ ਕਰਦੀ ਹੈ। ਬੁੱਧੀ, ਰੁਚੀ ਅਤੇ ਕਲਪਨਾ ਦੇ ਸੁਮੇਲ ਤੋਂ ਅਤੇ ਕਲਾਕਾਰ ਦੇ ਨਿੱਜੀ ਵਿਅਕਤਿਤਵ ਦੁਆਰਾ ਜਦੋਂ ਕੋਈ ਵਸਤੂ ਸਾਕਾਰ ਰੂਪ ਗ੍ਰਹਿਣ ਕਰ ਲੈਂਦੀ ਹੈ, ਉਹੀ ਉਸ ਵਸਤੂ ਦਾ ਕਲਾਤਮਿਕ ਰੂਪ ਹੁੰਦਾ ਹੈ। ਇਹ ਕਲਾਤਮਿਕ ਰੂਪ ਹੀ ਦਰਸ਼ਕਾਂ ਨੂੰ ਸੁਹਜਾਤਮਿਕ ਅਨੁਭਵ ਪ੍ਰਦਾਨ ਕਰਦਾ ਹੈ ਅਤੇ ਇਸ ਅਨੁਭਵ ਵਿੱਚ ਉਸ ਨੂੰ ਸਰੂਪ ਦੀ ਸੁੰਦਰਤਾ ਦੇ ਦਰਸ਼ਨ ਹੁੰਦੇ ਹਨ ਅਤੇ ਇਸ ਅਨੁਭਵ ਦੇ ਨਾਲ ਹੀ ਕੋਈ ਨਾ ਕੋਈ ਭਾਵ ਵੀ ਜਾਗ੍ਰਿਤ ਹੋ ਜਾਂਦਾ ਹੈ। ਸਰੂਪ ਦੀ ਸੁੰਦਰਤਾ, ਭਾਵ ਅਤੇ ਕਲਪਨਾ ਦਾ ਸਮੁੱਚਾ ਪ੍ਰਭਾਵ ਰਸ ਨੂੰ ਜਨਮ ਦਿੰਦਾ ਹੈ। ਇਸੇ ਰਸ ਦੇ ਅਨੁਭਵ ਨੂੰ ਜਦ ਕੋਈ ਦਰਸ਼ਕ ਮਹਿਸੂਸ ਕਰਦਾ ਹੈ ਤਾਂ ਕਲਾਕਾਰ ਦੀ ਕਲਾਕ੍ਰਿਤੀ ਆਪਣੇ ਕਲਾਤਮਿਕ ਪੱਖ ਦੇ ਸਿਖਰ ਨੂੰ ਛੂਹ ਲੈਂਦੀ ਹੈ ਅਤੇ ਇਸ ਅਨੁਭਵ ਤੋਂ ਜੋ ਆਨੰਦ ਪ੍ਰਾਪਤ ਹੁੰਦਾ ਹੈ, ਉਸਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਕਲਾ ਦੇ ਰੂਪ ਦਾ ਆਪਣਾ ਹੀ ਮਹੱਤਵ ਹੁੰਦਾ ਹੈ। ਭਵਨ ਨਿਰਮਾਣ ਕਲਾ ਕਿਸੇ ਸੰਸਕ੍ਰਿਤੀ ਦਾ ਸ਼ੀਸ਼ਾ ਹੁੰਦੀ ਹੈ। ਭਵਨ ਨਿਰਮਾਣ ਕਲਾ ਤੋਂ ਉਸ ਦਾ ਡਿਜ਼ਾਇਨ ਜ਼ਿਆਦਾ ਮਹੱਤਵਪੂਰਨ ਹੈ। ਜੇਕਰ ਨਕਸ਼ਾ ਨਾ ਹੁੰਦਾ ਤਾਂ ਸਾਡੇ ਕੋਲ ਅੱਜ ਕਮਰਿਆਂ ਦੀ ਜਗ੍ਹਾ ਲੱਕੜੀ ਜਾਂ ਪੱਥਰ ਦੇ ਵੱਡੇ-ਵੱਡੇ ਟੁਕੜੇ ਹੀ ਹੁੰਦੇ। ਜੇਕਰ ਸਾਡੇ ਕੋਲ ਚਿੱਤਰ-ਲਿੱਪੀ ਨਾ ਹੁੰਦੀ ਤਾਂ ਸਾਨੂੰ ਮੈਗਜ਼ੀਨ, ਅਖਬਾਰ, ਇਸ਼ਤਿਹਾਰ ਆਦਿ ਦੇਖਣ ਨੂੰ ਨਾ ਮਿਲਦੇ, ਜੇਕਰ ਸਜਾਵਟੀ ਡਿਜ਼ਾਇਨ ਨਾ ਬਣਦੇ ਤਾਂ ਸਾਡੇ ਕੋਲ ਅੱਜ ਪਰਦੇ, ਦਰੀਆਂ, ਸੂਟ, ਸ਼ਾਲ ਆਦਿ ਕੁਝ ਵੀ ਨਾ ਹੁੰਦਾ। ਪ੍ਰਾਚੀਨ ਮਨੁੱਖ ਦੇ ਕੋਲ ਆਪਣੇ ਭਾਵਾਂ ਨੂੰ ਵਿਅਕਤ ਕਰਨ ਲਈ ਜੋ ਕੁਝ ਵੀ ਕੁਦਰਤ ਨੇ ਉਸ ਨੂੰ ਪ੍ਰਦਾਨ ਕੀਤਾ ਉਸ ਦੇ ਦਾਇਰੇ ਵਿੱਚ ਰਹਿਕੇ ਹੀ ਉਸ ਨੇ ਆਪਣੀ ਕਲਾ ਦੀ ਸਿਰਜਣਾ ਕੀਤੀ ।

**ਸਿੱਟਾ :-**

ਕਲਾ ਵਿੱਚ ਭਾਵਨਾਵਾਂ ਹਨ, ਲੈਅ ਹੈ, ਭਾਵ ਹੈ। ਕਲਾ ਦੇ ਸਿਧਾਂਤ ਹਮੇਸ਼ਾ ਇੱਕੋ ਹੀ ਰਹਿਣਗੇ, ਉਹ ਚਾਹੇ ਪ੍ਰਾਚੀਨ ਯੁੱਗ ਹੈ ਜਾਂ ਵਰਤਮਾਨ, ਚਾਹੇ ਕਲਾ ਸਮਾਜਿਕ ਹੈ, ਧਾਰਮਿਕ ਹੈ ਜਾਂ ਰਾਜਨੀਤਿਕ ਹੈ। ਕਲਾ ਦੇ ਸਿਧਾਂਤ ਹਮੇਸ਼ਾਂ ਉਹੀ ਰਹਿੰਦੇ ਹਨ, ਸਿਰਫ ਮਾਧਿਅਮ ਬਦਲ ਜਾਂਦੇ ਹਨ। ਇੱਕ ਕੁਸ਼ਲ ਕਲਾਕਾਰ ਪਰਮਾਤਮਾ ਦੁਆਰਾ ਪ੍ਰਦਾਨ ਕੀਤੇ ਗਏ ਪ੍ਰਕ੍ਰਿਤਿਕ ਅਤੇ ਸੀਮਿਤ ਦਾਇਰੇ ਵਿੱਚ ਰਹਿਕੇ ਹੀ ਆਪਣੀ ਕਲਾ-ਸਾਧਨਾ ਕਰਦਾ ਹੈ ਅਤੇ ਆਪਣੀ ਕਲਾਕ੍ਰਿਤੀ ਨੂੰ ਸੋਹਰਤ ਦੀਆਂ ਬੁਲੰਦੀਆਂ ਤੱਕ ਪਹੁੰਚਾ ਦਿੰਦਾ ਹੈ।

# ਬਲਿਹਾਰੀ ਕੁਦਰਤਿ ਵਸਿਆ

## (ਗੁਰੂ ਗ੍ਰੰਥ ਸਾਹਿਬ ਵਿਚ ਪਾਰਸਥਿਤਿਕ ਸੰਦੇਸ਼)

**ਕਿਰਨਜੀਤ ਸੇਠੀ**

ਸਿੱਖ ਧਰਮ ਹੋਰ ਪੁਰਾਤਨ ਧਰਮਾਂ ਦੇ ਮੁਕਾਬਲੇ ਇਕ ਬਹੁਤ ਹੀ ਨਵੀਨ ਤੇ ਆਧੁਨਿਕ ਧਰਮ ਹੈ। ਸਿੱਖ-ਮੱਤ ਦੇ ਗੂੜ੍ਹ ਅਧਿਆਤਮਕ ਤੇ ਰਹੱਸਵਾਦੀ ਵਿਚਾਰਾਂ ਤੇ ਸਿਧਾਂਤਾਂ ਨੂੰ ਸਿੱਖਾਂ ਦੇ ਧਾਰਮਿਕ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਇਕ ਕਾਵਿਕ ਤੇ ਰਾਗਬੱਧ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ॥ ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ 1604 ਈਸਵੀ ਵਿਚ, ਸਿੱਖ ਧਰਮ ਦੇ ਪੰਜਵੇਂ ਗੁਰੂ, ਗੁਰੂ ਅਰਜੁਨ ਦੇਵ ਜੀ ਨੇ ਕੀਤੀ ਅਤੇ ਸੰਨ 1708 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਆਦਿ ਗ੍ਰੰਥ ਨੂੰ ਗੁਰਗੱਦੀ ਨਸ਼ੀਨ ਕੀਤਾ। ਗੁਰੂ ਸਾਹਿਬਾਨ (ਪਹਿਲੇ ਪੰਜ ਗੁਰੂ ਤੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ) ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਤੇ ਚਾਰ ਗੁਰੂ ਘਰ ਦੇ ਨਿਕਟਵਰਤੀਆਂ ਦਾ ਪਵਿੱਤਰ ਤੇ ਰੂਹਾਨੀ ਕਲਾਮ, ਇਸ ਗ੍ਰੰਥ ਵਿਚ ਬਿਨਾ ਕਿਸੇ ਵਿਤਕਰੇ, ਜਾਤ-ਪਾਤ, ਨਸਲ ਜਾਂ ਅਕੀਦੇ ਦੇ ਭੇਦ-ਭਾਵ ਦੇ ਇਸ ਪਵਿੱਤਰ ਗ੍ਰੰਥ ਵਿਚ ਦਰਜ ਹੈ। ਇਉਂ ਇਹ ਗ੍ਰੰਥ ਕਰੀਬਨ ਪੰਜ ਕੁ ਸਦੀਆਂ ਦੇ ਭਾਰਤੀ ਅਧਿਆਤਮਕ ਚਿੰਤਨ, ਇਤਿਹਾਸ, ਮਿਥਿਹਾਸ ਅਤੇ ਭਾਸ਼ਾਈ ਵਿਰਸੇ ਨੂੰ ਆਪਣੇ ਅੰਦਰ ਸੰਜੋਈ ਬੈਠਾ ਹੈ। ਚੌਦਾਂ ਸੌ ਤੀਹ ਅੰਗਾਂ (ਪੰਨਿਆਂ) ਦਾ ਇਹ ਗ੍ਰੰਥ, ਇਕੋ ਵੇਲੇ ਸਾਂਝੀ ਧਾਰਮਕ/ਅਧਿਆਤਮਕ ਏਕਤਾ ਤੇ ਇਕ ਤੋਂ ਵੱਧ ਸੰਸਕ੍ਰਿਤੀਆਂ ਤੇ ਭੂਗੋਲਿਕ ਖਿੱਤਿਆਂ ਨਾਲ ਜੁੜੇ ਚਿੰਤਨ ਦਾ ਇਕ ਅਨੋਖਾ ਸੰਗਮ ਹੋ ਨਿਬੜਦਾ ਹੈ। ਇਸ ਸੰਬੰਧ ਵਿਚ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸਿਰਜਣਾ ਵੀ ਹੈ ਅਤੇ ਸ਼ਾਸਤਰ ਵੀ। ਇਸ ਵਿਚ ਸ਼ਾਸਤਰ ਨਿਰਮਾਣ ਦੀ ਪ੍ਰਕਿਰਿਆ ਵੀ ਨਿਰੰਤਰ ਚਲਦੀ ਵੇਖੀ ਜਾ ਸਕਦੀ ਹੈ। ਸਮੁੱਚੀ ਬਾਣੀ ਦੇ ਆਦਿ ਵਿਚ ਵੀ ਨਾਮ ਹੈ ਤੇ ਅੰਤ ਵਿਚ ਵੀ। ਭਾਵ, ਇਸ ਦੀ ਯਾਤਰਾ ਨਾਮ ਤੋਂ ਲੈ ਕੇ ਨਾਮ ਤੱਕ ਦੀ ਹੈ।

ਇਸ ਦੇ ਨਾਲ-ਨਾਲ ਇਹ ਤੱਥ ਵੀ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਗੁਰਬਾਣੀ ਦਾ ਵਿਸ਼ੇ-ਖੇਤਰ ਬਹੁਤ ਹੀ ਵਿਸਤ੍ਰਿਤ ਹੈ। ਕਾਵਿ-ਬੱਧ ਤੇ ਰਾਗ-ਬੱਧ ਹੋਣ ਦੇ ਨਾਲ-ਨਾਲ, ਇਹ ਇਕ ਬਹੁਪਰਤੀ ਗ੍ਰੰਥ ਵੀ ਹੈ। ਇਹ

ਐਸੋਸੀਏਟ ਪ੍ਰੋਫੈਸਰ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ